# ਇੰਡੀਆਨਾਪੋਲਿਸ 4/15 ਸਰਵਾਈਵਰਜ਼ ਫੰਡ

**ਡ੍ਰਾਫ਼ਟ**
**ਪ੍ਰੋਟੋਕਾਲ**

**16 ਜੂਨ, 2021**

---

**ਇਹ ਇੱਕ ਡ੍ਰਾਫ਼ਟ ਪ੍ਰੋਟੋਕਾਲ ਹੈ। ਅੰਤਿਮ ਡਿਸਟ੍ਰੀਬਿਊਸ਼ਨ ਪ੍ਰੋਟੋਕਾਲ, ਜੋ ਇੰਡੀਆਨਾਪੋਲਿਸ 4/15 ਸਰਵਾਈਵਰਜ਼ ਫੰਡ ("ਫੰਡ") ਉੱਤੇ ਸ਼ਾਸਨ ਕਰੇਗਾ, ਨੂੰ ਪ੍ਰਸਾਸ਼ਕਾਂ ਦੁਆਰਾ ਵਿਕਸਤ ਕੀਤਾ ਜਾਵੇਗਾ, ਜਿਸ ਵਿੱਚ ਸਟੀਅਰਿੰਗ ਕਮੇਟੀ ("ਕਮੇਟੀ"), *ਰਾਸ਼ਟਰੀ ਰਹਿਮ ਫੰਡ*, ਵਧੇਰੇ ਕਮਿਊਨਿਟੀ ਅਤੇ ਆਮ ਜਨਤਾ ਵੱਲੋਂ ਪ੍ਰਸੰਗਿਕ ਅਤੇ ਢੁਕਵੀਂ ਫੀਡਬੈਕ ਸ਼ਾਮਲ ਕੀਤੀ ਜਾਵੇਗੀ।**

**ਫੰਡ ਦੁਆਰਾ ਭੁਗਤਾਨ ਕੀਤੇ ਗਏ ਵਿੱਤੀ ਲਾਭ ਇੱਕ ਤੋਹਫ਼ਾ ਹਨ ਜਿਸ 'ਤੇ ਕਿਸੇ ਵਿਅਕਤੀ ਦਾ ਕਾਨੂੰਨੀ ਦਾਅਵਾ ਜਾਂ ਅਧਿਕਾਰ ਨਹੀਂ ਹੈ। ਇਸ ਡ੍ਰਾਫ਼ਟ ਪ੍ਰੋਟੋਕਾਲ ਦੇ ਸਾਰੇ ਪਹਿਲੂਆਂ, ਬਿਨਾਂ ਕਿਸੇ ਸੀਮਾ ਦੇ, ਸਮੇਤ ਬਿਨੈਕਾਰਾਂ ਦਾ ਵਰਗੀਕਰਨ, ਵੰਡ ਦੇ ਮਾਪਦੰਡ, ਲਾਗੂ ਕਰਨ ਦੀ ਪ੍ਰਕਿਰਿਆ, ਸਮਾਂ-ਸਾਰਣੀ, ਅਤੇ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਰਕਮਾਂ ਨੂੰ ਸੋਧਿਆ ਜਾ ਸਕਦਾ ਹੈ, ਅਤੇ ਪ੍ਰਸ਼ਾਸਕਾਂ ਦੇ ਪੂਰਨ ਅਤੇ ਸੰਪੂਰਨ ਵਿਵੇਕ ਦੇ ਅਧੀਨ ਹਨ।**

ਇਸ ਫੰਡ ਨੂੰ FedEx ਦੁਆਰਾ ਵਿੱਤੀ ਰੂਪ ਵਿੱਚ ਸਹਾਇਤਾ ਪ੍ਰਦਾਨ ਕੀਤੀ ਗਈ ਸੀ ਅਤੇ ਕੋਰੋਬਾਰਾਂ, ਫਾਊਂਡੇਸ਼ਨਾਂ ਅਤੇ ਵਿਅਕਤੀਗਤ ਦਾਨੀਆਂ ਦੀ ਉਦਾਰਤਾ ਦੁਆਰਾ ਵਧਾਇਆ ਗਿਆ ਸੀ। ਫੰਡ ਦੀ ਵਰਤੋਂ ਉਨ੍ਹਾਂ ਪੀੜਤ ਦੇ ਪਰਿਵਾਰਾਂ ਦੀ ਸਹਾਇਤਾ ਲਈ ਕੀਤੀ ਜਾਵੇਗੀ, ਜੋ ਮਾਰੇ ਗਏ, ਪੀੜਤ ਸਰੀਰਕ ਤੌਰ 'ਤੇ ਜ਼ਖਮੀ ਹੋਏ ਸਨ, ਅਤੇ ਪੀੜਤ FedEx ਸੁਵਿਧਾ ਵਿਖੇ ਕਾਨੂੰਨੀ ਤੌਰ 'ਤੇ ਮੌਜੂਦ ਸਨ ਅਤੇ ਜਿਨ੍ਹਾਂ ਨੇ ਹਮਲੇ ("ਇੰਡੀਆਨਾਪੋਲਿਸ ਹਮਲਾ") ਦੌਰਾਨ 15 ਅਪ੍ਰੈਲ 2021 ਨੂੰ ਮਨੋਵਿਗਿਆਨਕ ਸਦਮੇ ਦਾ ਅਨੁਭਵ ਕੀਤਾ ਹੈ। ਰਾਸ਼ਟਰੀ ਰਹਿਮ ਫੰਡ, ਐੱਲ.ਐੱਲ.ਸੀ. (LLC) , ਫੈਡਰਲ ਟੈਕਸ ਆਈ.ਡੀ. (ID) #30-0022798, ਅਪਰਾਧ ਦੇ ਪੀੜਤਾਂ ਲਈ ਰਾਸ਼ਟਰੀ ਕੇਂਦਰ ਦੀ ਇੱਕ ਸਹਾਇਕ ਕੰਪਨੀ, ਇੱਕ 50l(c)(3) ਗੈਰ-ਲਾਭਕਾਰੀ ਸੰਸਥਾ, ਫੈਡਰਲ ਟੈਕਸ ਆਈ.ਡੀ.(ID) #30-0022798 ਹੈ।

**ਲਾਭਾਂ ਦੇ ਯੋਗ ਬਣਨ ਲਈ, ਸਾਰੀਆਂ ਬੇਨਤੀਆਂ ਸਤੰਬਰ 28, 2021 ਤੋਂ ਪਹਿਲਾਂ ਔਨਲਾਈਨ ਐਪਲੀਕੇਸ਼ਨ ਪੋਰਟਲ ਦੁਆਰਾ ਜਮ੍ਹਾਂ ਕਰਵਾਉਣੀਆਂ ਲਾਜ਼ਮੀ ਹਨ। ਜੇਕਰ ਪੀੜਤ ਦੀ ਉਮਰ 18 ਸਾਲ ਤੋਂ ਘੱਟ ਹੈ, ਤਾਂ ਮਾਤਾ-ਪਿਤਾ ਜਾਂ ਸਰਪ੍ਰਸਤ ਦੁਆਰਾ ਪੀੜਤ ਦੀ ਤਰਫ਼ੋਂ ਅਪਲਾਈ ਕੀਤਾ ਜਾਵੇ।**

ਫੰਡ ਦੁਆਰਾ ਪ੍ਰਦਾਨ ਕੀਤੀ ਜਾਣ ਵਾਲੀ ਰਾਸ਼ੀ, ਤੱਤਾਂ ਨੂੰ ਧਿਆਨ ਵਿੱਚ ਰੱਖੇਗੀ, ਜਿਨ੍ਹਾਂ ਵਿੱਚ ਇੰਡੀਆਨਾਪੋਲਿਸ ਹਮਲੇ ਤੋਂ ਪੈਦਾ ਹੋਈ ਸੱਟ ਦੇ ਸਬੂਤ ਵਜੋਂ ਸੱਟ ਦੀ ਗੰਭੀਰਤਾ, ਸੱਟ ਦੀ ਕਿਸਮ ਅਤੇ ਜਾਣਕਾਰੀ ਸ਼ਾਮਲ ਹੈ।[1]

ਵੰਡ ਦੇ ਵਰਗੀਕਰਨ ਹੇਠਾਂ ਦੱਸੇ ਗਏ ਹਨ:

**ਯੋਗ ਬਿਨੈਕਾਰਾਂ ਦੀਆਂ ਸ਼੍ਰੇਣੀਆਂ (ਯੋਗਤਾ ਇੱਕ ਸ਼੍ਰੇਣੀ ਤੱਕ ਸੀਮਿਤ ਹੈ)**

**A. ਮੌਤ ਦੇ ਲਾਭਾਂ ਲਈ ਅਰਜ਼ੀ**

---

[1] ਹਰੇਕ ਯੋਗ ਬਿਨੈਕਾਰ ਲਈ ਰਕਮਾਂ ਦਾ ਨਿਰਧਾਰਨ ਉਹਨਾਂ ਤੱਤਾਂ 'ਤੇ ਨਿਰਭਰ ਕਰੇਗਾ ਜਿਹਨਾਂ ਵਿੱਚ ਸ਼ਾਮਲ ਹਨ: (1) 30 ਸਤੰਬਰ, 2021 ਨੂੰ ਫੰਡ ਵਿੱਚ ਬਕਾਇਆ ਰਾਸ਼ੀ; (2) ਸਰੀਰਕ ਸੱਟਾਂ ਦੀ ਪ੍ਰਕਿਰਤੀ ਅਤੇ ਸੰਖਿਆ ਅਤੇ ਇਸਦੇ ਸਬੂਤ ਅਤੇ ਨਿਰਧਾਰਿਤ ਭੂਗੋਲਿਕ ਖੇਤਰ ਵਿੱਚ ਸਰੀਰਕ ਤੌਰ 'ਤੇ ਮੌਜੂਦ ਵਿਅਕਤੀਆਂ ਦੀ ਸੰਖਿਆ ਬਾਰੇ ਅੱਪਡੇਟ ਕੀਤੇ ਅੰਕੜਿਆਂ ਦੀ ਪ੍ਰਾਪਤੀ ; (3) ਸਾਰੀਆਂ ਜਮ੍ਹਾਂ ਕੀਤੀਆਂ ਐਪਲੀਕੇਸ਼ਨਾਂ ਦੀ ਸਮੀਖਿਆ ਦੀ ਪੂਰਤੀ; ਅਤੇ (4) ਪ੍ਰਸ਼ਾਸਕਾਂ ਦੁਆਰਾ ਸਮੀਖਿਆ ਅਤੇ ਮਨਜ਼ੂਰੀ। ਪ੍ਰਸ਼ਾਸਕਾਂ ਨੂੰ ਬਿਨੈਕਾਰਾਂ ਦੁਆਰਾ ਜਮ੍ਹਾਂ ਕੀਤੀ ਗਈ ਸਾਰੀ ਜਾਣਕਾਰੀ ਦੀ ਵੈਧਤਾ ਨਿਰਧਾਰਤ ਕਰਨ ਦਾ ਪੂਰਾ ਅਧਿਕਾਰ ਹੈ।

ਇੰਡੀਆਨਾਪੋਲਿਸ ਹਮਲੇ ਦੇ ਨਤੀਜੇ ਵਜੋਂ ਮਿਤ੍ਰਕ ਪੀੜਤਾਂ ਲਈ ਯੋਗ ਬਿਨੈਕਾਰ ਇਸ ਪ੍ਰੋਟੋਕਾਲ ਦੇ ਦਾਇਰੇ ਵਿੱਚ ਭੁਗਤਾਨ ਦੀ ਉੱਚਤਮ ਸ਼੍ਰੇਣੀ ਪ੍ਰਾਪਤ ਕਰਨਗੇ। ਸਾਰੇ ਪ੍ਰਸੰਗਿਕ ਡੇਟਾ ਦੀ ਪ੍ਰਾਪਤੀ 'ਤੇ ਅੰਤਿਮ ਭੁਗਤਾਨ ਦਾ ਪੱਕਾ ਇਰਾਦਾ ਕੀਤਾ ਜਾਵੇਗਾ ਅਤੇ ਇਹ ਉਪਰੋਕਤ ਸਾਰੀਆਂ ਟਿੱਪਣੀਆਂ ਦੇ ਅਧੀਨ ਹੈ।

### B. ਰਾਤ ਦੇ ਸਮੇਂ ਹਸਪਤਾਲ ਵਿੱਚ ਦਾਖ਼ਲ ਹੋਣ ਵਾਲੇ ਪੀੜਤਾਂ ਲਈ ਵਿਅਕਤੀਗਤ ਸਰੀਰਕ ਸੱਟ ਦੀਆਂ ਬੇਨਤੀਆਂ

ਅਜਿਹੇ ਯੋਗ ਬਿਨੈਕਾਰ, ਜੋ FedEx ਸੁਵਿਧਾ ਜਾਂ ਇਸਦੀ ਪਾਰਕਿੰਗ ਵਿੱਚ ਕਾਨੂੰਨੀ ਤੌਰ 'ਤੇ ਮੌਜੂਦ ਸਨ (ਚਿੱਤਰ 1 ਵਿੱਚ ਦਰਸਾਏ ਗਏ ਅਨੁਸਾਰ), ਜੋ ਇੰਡੀਆਨਾਪੋਲਿਸ ਹਮਲੇ ਦੇ ਨਤੀਜੇ ਵਜੋਂ ਲੱਗੀਆਂ ਸਰੀਰਕ ਸੱਟਾਂ ਕਾਰਨ, ਸਰੀਰਕ ਤੌਰ 'ਤੇ ਜ਼ਖਮੀ ਹੋਏ ਸਨ ਅਤੇ 15 ਅਪ੍ਰੈਲ, 2021 ਅਤੇ 28 ਸਤੰਬਰ, 2021 ਦੇ ਵਿਚਕਾਰ ਇੱਕ ਜਾਂ ਵਧੇਰੇ ਰਾਤ ਹਸਪਤਾਲ ਵਿੱਚ ਦਾਖ਼ਲ ਹੋਏ ਸਨ (ਫੰਡ ਲਈ ਇੱਕ ਐਪਲੀਕੇਸ਼ਨ ਜਮ੍ਹਾਂ ਕਰਨ ਦਾ ਆਖਰੀ ਦਿਨ), ਅੰਤਿਮ ਪ੍ਰੋਟੋਕਾਲ ਦੇ ਤਹਿਤ ਭੁਗਤਾਨ ਪ੍ਰਾਪਤ ਕਰਨਗੇ।

### C. ਇੱਕ ਸੰਕਟਕਾਲੀਨ ਬਾਹਰੀ-ਮਰੀਜ਼ ਦੇ ਅਧਾਰ 'ਤੇ ਖੇਤਰ ਦੇ ਹਸਪਤਾਲਾਂ ਵਿੱਚ ਇਲਾਜ ਕੀਤੇ ਗਏ ਪੀੜਤਾਂ ਦੀਆਂ ਵਿਅਕਤੀ ਸਰੀਰਕ ਸੱਟ ਸੰਬੰਧੀ ਬੇਨਤੀਆਂ

ਅਜਿਹੇ ਯੋਗ ਬਿਨੈਕਾਰ, ਜੋ FedEx ਸੁਵਿਧਾ ਜਾਂ ਇਸਦੀ ਪਾਰਕਿੰਗ ਵਿੱਚ ਕਾਨੂੰਨੀ ਤੌਰ 'ਤੇ ਮੌਜੂਦ ਸਨ (ਚਿੱਤਰ 1 ਵਿੱਚ ਦਰਸਾਏ ਗਏ ਅਨੁਸਾਰ), ਜੋ ਇੰਡੀਆਨਾਪੋਲਿਸ ਹਮਲੇ ਦੇ ਨਤੀਜੇ ਵਜੋਂ ਸਰੀਰਕ ਤੌਰ 'ਤੇ ਜ਼ਖਮੀ ਹੋਏ ਸਨ, ਅਤੇ ਜਿਨ੍ਹਾਂ ਨੂੰ ਵੀਰਵਾਰ 22 ਅਪ੍ਰੈਲ, 2021 ਤੋਂ ਪਹਿਲਾਂ-ਪਹਿਲਾਂ ਬਾਹਰੀ ਮਰੀਜ਼ ਦੇ ਅਧਾਰ 'ਤੇ ਡਾਕਟਰੀ ਇਲਾਜ ਪ੍ਰਾਪਤ ਹੋਇਆ ਸੀ, ਅੰਤਿਮ ਪ੍ਰੋਟੋਕਾਲ ਦੇ ਤਹਿਤ ਭੁਗਤਾਨ ਪ੍ਰਾਪਤ ਕਰਨਗੇ।

### D. ਸਾਈਟ 'ਤੇ ਮੌਜੂਦ ਵਿਅਕਤੀ ਜਿਨ੍ਹਾਂ ਨੇ ਮਨੋਵਿਗਿਆਨਕ ਸਦਮੇ ਦਾ ਅਨੁਭਵ ਕੀਤਾ।

ਕੋਈ ਵੀ ਵਿਅਕਤੀ, ਜੋ ਇੰਡੀਆਨਾਪੋਲਿਸ ਹਮਲੇ ਦੇ ਸਮੇਂ 8951 ਮੀਰਾਬਲ ਰੋਡ (ਚਿੱਤਰ 1 ਵਿੱਚ ਦਰਸਾਏ ਗਏ ਅਨੁਸਾਰ) ਵਿਖੇ FedEx ਸੁਵਿਧਾ ਵਿੱਚ ਕਾਨੂੰਨੀ ਤੌਰ 'ਤੇ ਮੌਜੂਦ ਸਨ, ਅਤੇ ਜਿਨ੍ਹਾਂ ਨੇ ਮਨੋਵਿਗਿਆਨਕ ਸਦਮੇ ਦਾ ਅਨੁਭਵ ਕੀਤਾ, ਉਹ ਇਸ ਪ੍ਰੋਟੋਕਾਲ ਦੇ ਤਹਿਤ ਭੁਗਤਾਨ ਪ੍ਰਾਪਤ ਕਰਨ ਦੇ ਯੋਗ ਹਨ।




ਚਿੱਤਰ 1

## <u>ਪ੍ਰਕਿਰਿਆ ਅਤੇ ਕਾਰਵਾਈਆਂ</u>

ਯੋਗ ਬਿਨੈਕਾਰਾਂ ਨੂੰ ਫੰਡ ਤੋਂ ਭੁਗਤਾਨ ਪ੍ਰਾਪਤ ਕਰਨ ਲਈ ਲਾਭਾਂ ਲਈ ਐਪਲੀਕੇਸ਼ਨ ਦਾਇਰ ਕਰਨਾ ਲਾਜ਼ਮੀ ਹੈ। **<u>ਐਪਲੀਕੇਸ਼ਨ ਨੂੰ 28 ਸਤੰਬਰ , 2021 ਦੀ ਸਮਾਂ-ਸੀਮਾ ਤੱਕ ਜਮ੍ਹਾਂ ਕੀਤਾ ਜਾਣਾ ਚਾਹੀਦਾ ਹੈ [ ਪ੍ਰਸ਼ਾਸਕ ਆਪਣੀ ਮਰਜ਼ੀ ਨਾਲ ਸਮਾਂ-ਸੀਮਾ ਵਧਾਉਣ ਦਾ ਅਧਿਕਾਰ ਰੱਖਦੇ ਹਨ]।</u>** ਐਪਲੀਕੇਸ਼ਨ ਇਹ ਨਿਰਧਾਰਤ ਕਰਨ ਦਾ ਮੌਕਾ ਪ੍ਰਦਾਨ ਕਰੇਗੀ ਕਿ ਕੀ ਉਹ ਮਿਤ੍ਰਕ ਪੀੜਤ ਲੋਕਾਂ ਲਈ, ਸਰੀਰਕ ਸੱਟ ਲੱਗਣ ਦੇ ਲਾਭ ਲਈ, ਅਤੇ/ਜਾਂ ਵਿਅਕਦੀਗਤ ਤੌਰ 'ਤੇ ਇੰਡੀਆਨਾਪੋਲਿਸ ਹਮਲੇ ਨੂੰ ਦੇਖਣ ਦੇ ਅਧਾਰ 'ਤੇ ਮਨੋਵਿਗਿਆਨਕ ਸਦਮੇ ਵਜੋਂ ਲਾਭ ਦੀ ਮੰਗ ਕਰ

ਰਹੇ ਹਨ ਜਾਂ ਨਹੀਂ। ਹਰੇਕ ਯੋਗ ਬਿਨੈਕਾਰ ਦੇ ਲਈ ਲਾਭਾਂ ਲਈ ਇੱਕ ਹੀ ਐਪਲੀਕੇਸ਼ਨ ਜਮ੍ਹਾਂ ਕੀਤੀ ਜਾਣੀ ਚਾਹੀਦੀ ਹੈ। ਬਿਨੈਕਾਰਾਂ ਨੂੰ ਸਿਰਫ਼ ਇਕੋ ਸ਼੍ਰੇਣੀ ਵਿੱਚ ਜਮ੍ਹਾਂ ਕਰਨਾ ਪਵੇਗਾ, ਜਿਸ ਲਈ ਉਹ ਯੋਗ ਹਨ।

ਯੋਗ ਐਪਲੀਕੇਸ਼ਨਾਂ 'ਤੇ ਵਿਚਾਰ ਕਰਨ ਦੀ ਪ੍ਰਕਿਰਿਆ ਅਤੇ ਕਾਰਵਾਈਆਂ ਹੇਠ ਲਿਖੇ ਅਨੁਸਾਰ ਹੋਣਗੀਆਂ:

**A.** ਫੰਡ ਦਾ ਪ੍ਰਬੰਧਨ *ਰਾਸ਼ਟਰੀ ਰਹਿਮ ਫੰਡ* ਦੁਆਰਾ ਕੀਤਾ ਜਾਵੇਗਾ

ਲਾਭ ਅਤੇ ਅੰਤਿਮ ਪ੍ਰੋਟੋਕਾਲ ਲਈ ਔਨਲਾਈਨ ਐਪਲੀਕੇਸ਼ਨ ਜਮ੍ਹਾਂ ਕਰਨ ਲਈ ਇੱਕ ਲਿੰਕ ("ਐਪਲੀਕੇਸ਼ਨ"), ਸਾਰੇ ਗਿਆਤ ਸੰਭਾਵੀ ਬਿਨੈਕਾਰਾਂ ਨੂੰ ਈਮੇਲ ਕੀਤਾ ਜਾਵੇਗਾ, ਜਿਨ੍ਹਾਂ ਨੇ *ਰਾਸ਼ਟਰੀ ਰਹਿਮ ਫੰਡ* ("NCF") ਨੂੰ ਆਪਣੀ ਜਾਣਕਾਰੀ ਔਨਲਾਈਨ ਸੰਪਰਕ ਫਾਰਮ ਜਮ੍ਹਾਂ ਕਰਵਾ ਕੇ ਲੋੜੀਂਦੀ ਜਾਣਕਾਰੀ ਪ੍ਰਦਾਨ ਕੀਤੀ ਹੈ। ਅੰਤਿਮ ਪ੍ਰੋਟੋਕਾਲ ਅਤੇ ਐਪਲੀਕੇਸ਼ਨ ਦੀ ਪ੍ਰਕਿਰਿਆ ਸੰਬੰਧੀ ਜਾਣਕਾਰੀ 30 ਅਗਸਤ, 2021 ਤੋਂ ਸ਼ੁਰੂ ਹੋਣ ਵਾਲੀ nationalcompassionfund.org ਵੈੱਬਸਾਈਟ 'ਤੇ ਉਪਲਬਧ ਹੋਵੇਗੀ। *ਰਾਸ਼ਟਰੀ ਰਹਿਮ ਫੰਡ* ਦੇ ਪ੍ਰਤੀਨਿਧੀ ("ਫੰਡ ਪ੍ਰਸ਼ਾਸਕ") ਐਪਲੀਕੇਸ਼ਨਾਂ ਦਾ ਪ੍ਰਬੰਧਨ ਅਤੇ ਪ੍ਰਕਿਰਿਆ ਕਰਨਗੇ। **ਹਰੇਕ ਪੀੜਤ ਦੁਆਰਾ ਜਾਂ ਇਸਦੀ ਤਰਫ਼ੋਂ ਸਿਰਫ਼ ਇੱਕ ਐਪਲੀਕੇਸ਼ਨ ਜਮ੍ਹਾਂ ਕੀਤੀ ਜਾਣੀ ਚਾਹੀਦੀ ਹੈ।** ਐਪਲੀਕੇਸ਼ਨ ਨੂੰ ਪੂਰਾ ਕੀਤਾ ਜਾਣਾ ਚਾਹੀਦਾ ਹੈ ਅਤੇ ਫੰਡ ਪ੍ਰਸ਼ਾਸਕਾਂ ਕੋਲ (ਐਪਲੀਕੇਸ਼ਨ ਬਾਰੇ ਵੇਰਵੇ ਸਹਿਤ ਸਾਰੇ ਲੋੜੀਂਦੇ ਸਹਿਯੋਗੀ ਦਸਤਾਵੇਜ਼ਾਂ ਦੇ ਨਾਲ ਜਾਂ ਜਾਣਕਾਰੀ ਵਿੱਚ ਕਿਸੇ ਵੀ ਘਾਟ ਨੂੰ ਦੂਰ ਕਰਨ ਵਾਲੀ ਅਜਿਹੀ ਜਾਣਕਾਰੀ ਦੇ ਨਾਲ) 28 ਸਤੰਬਰ, 2021 ਤੋਂ ਪਹਿਲਾਂ ਜਮ੍ਹਾਂ ਕੀਤਾ ਚਾਹੀਦਾ ਹੈ। ਐਪਲੀਕੇਸ਼ਨ ਨੂੰ ਪੂਰਾ ਹੋਣ ਸੰਬੰਧੀ ਸਵਾਲ *Indy@NationalCompassionFund.org* 'ਤੇ ਈਮੇਲ ਦੇ ਰਾਹੀਂ ਭੇਜੇ ਜਾ ਸਕਦੇ ਹਨ।

**ਅ.** ਔਨਲਾਈਨ ਐਪਲੀਕੇਸ਼ਨ ਸਿਸਟਮ ਤੱਕ ਪਹੁੰਚ *www.NationalCompassionFund.org* 'ਤੇ 30 ਅਗਸਤ, 2021 ਤੋਂ ਸ਼ੁਰੂ ਹੋਵੇਗੀ। ਜਿਨ੍ਹਾਂ ਬਿਨੈਕਾਰਾਂ ਕੋਲ ਇੰਟਰਨੈੱਟ ਤੱਕ ਪਹੁੰਚ ਨਹੀਂ ਹੈ, ਉਹਨਾਂ ਨੂੰ ਵਿਕਲਪਿਕ ਫਾਈਲਿੰਗ ਸਹਾਇਤਾ 'ਤੇ ਮਾਰਗ-ਦਰਸ਼ਨ ਲਈ ਟੋਲ-ਫ੍ਰੀ ਬਿਨੈਕਾਰ ਸਹਾਇਤਾ ਨੰਬਰ 8855-4VICTIM (855-484-2846) 'ਤੇ ਫ਼ੋਨ ਕਰਨ ਲਈ ਸੱਦਾ ਦਿੱਤਾ ਜਾਂਦਾ ਹੈ।

**ੲ.** ਜੇਕਰ ਕਿਸੇ ਹਾਲਤ ਵਿੱਚ ਕੋਈ ਬਿਨੈਕਾਰ ਅਧੂਰੀ ਜਾਂ ਅਪੂਰਨ ਐਪਲੀਕੇਸ਼ਨ ਜਮ੍ਹਾਂ ਕਰਦਾ ਹੈ (ਉਦਾਹਰਣ ਵਜੋਂ ਬਿਨੈਕਾਰ ਲੋੜੀਂਦੇ ਦਸਤਾਵੇਜ਼ ਸ਼ਾਮਲ ਕਰਨ ਵਿੱਚ ਅਸਫ਼ਲ ਰਿਹਾ ਹੈ ਜਾਂ ਪੂਰੀ ਤਰ੍ਹਾਂ ਐਪਲੀਕੇਸ਼ਨ ਭਰਨ ਵਿੱਚ ਅਸਫ਼ਲ ਰਿਹਾ ਹੈ), ਤਾਂ ਫੰਡ ਪ੍ਰਸ਼ਾਸਕ ਦੇ ਦਫ਼ਤਰ ਦਾ ਇੱਕ ਪ੍ਰਤੀਨਿਧੀ ਅਜਿਹੀਆਂ ਕਮੀਆਂ ਨੂੰ ਦੂਰ ਕਰਨ ਦੇ ਯਤਨ ਵਜੋਂ ਬਿਨੈਕਾਰ ਨੂੰ ਇੱਕ ਈ-ਮੇਲ ਸੂਚਨਾ ਭੇਜੇਗਾ।

**ਸ.** ਫੰਡ ਪ੍ਰਸ਼ਾਸਕਾਂ ਦੁਆਰਾ ਸਾਰੇ ਯੋਗਦਾਨਾਂ ਨੂੰ ਜਮ੍ਹਾਂ ਕਰਨ ਅਤੇ ਸਾਰੀਆਂ ਯੋਗ ਐਪਲੀਕੇਸ਼ਨਾਂ ਦੀ ਅੰਤਿਮ ਸਮੀਖਿਆ ਅਤੇ ਨਿਰਧਾਰਨ ਸਮਾਂ-ਸੀਮਾ ਤੋਂ ਤੁਰੰਤ ਬਾਅਦ ਭੁਗਤਾਨ ਜਾਰੀ ਕੀਤੇ ਜਾਣਗੇ। ਫੰਡ ਪ੍ਰਸ਼ਾਸਕ ਹਰ ਯੋਗ ਬਿਨੈਕਾਰ ਨੂੰ ਚੈੱਕ ਜਾਂ ਇਲੈਕਟ੍ਰਾਨਿਕ ਟ੍ਰਾਂਸਫਰ ਦੁਆਰਾ ਭੁਗਤਾਨ ਦੇ ਸੰਚਾਰ ਦੀ ਮਨਜ਼ੂਰੀ ਲਈ ਸਟੀਅਰਿੰਗ ਕਮੇਟੀ ਨੂੰ ਅੰਤਿਮ ਭੁਗਤਾਨ ਨਿਰਧਾਰਨ ਜਮ੍ਹਾਂ ਕਰਨਗੇ। ਬਿਨੈਕਾਰ ਕਿਸੇ ਵੀ ਭੁਗਤਾਨ ਦੇ ਸਮੇਂ 'ਤੇ ਭਰੋਸਾ ਨਹੀਂ ਕਰ ਸਕਦੇ ਅਤੇ ਪ੍ਰਸ਼ਾਸਕ, ਸਟੀਅਰਿੰਗ ਕਮੇਟੀ ਅਤੇ ਰਾਸ਼ਟਰੀ ਰਹਿਮ ਫੰਡ ਦੀ ਕਿਸੇ ਵੀ ਤਰ੍ਹਾਂ ਦੇ ਨੁਕਸਾਨ ਦੀ ਕਿਸੇ ਵੀ ਭੁਗਤਾਨ ਦੇ ਸਮੇਂ ਉਤਪੰਨ ਹੋਣ ਵਾਲੀ ਜਾਂ ਉਸਦੇ ਨਤੀਜੇ ਵਜੋਂ ਹੋਣ ਵਾਲੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

**ਹ.** ਕਿਸੇ ਮ੍ਰਿਤਕ ਪੀੜਤ ਵਿਅਕਤੀ ਲਈ ਦਾਇਰ ਕੀਤੀ ਐਪਲੀਕੇਸ਼ਨ ਵਿੱਚ ਪਤੀ ਜਾਂ ਪਤਨੀ ਜਾਂ ਕਾਨੂੰਨੀ ਸਾਥੀ ਦੀ ਦਸਤਖਤ ਦੀ ਲੋੜ ਹੁੰਦੀ ਹੈ, ਜੇਕਰ ਮ੍ਰਿਤਕ ਵਿਅਕਤੀ ਮੌਤ ਦੇ ਸਮੇਂ ਵਿਆਹਿਆ ਹੋਇਆ ਸੀ, ਅਤੇ ਇਸ ਵਿੱਚ ਵਿਅਕਤੀਆਂ (ਜਿਵੇਂ ਪਤੀ/ਪਤਨੀ, ਬੱਚਿਆਂ, ਮਾਤਾ-ਪਿਤਾ, ਭੈਣਾਂ-ਭਰਾਵਾਂ) ਨਾਲ ਸੰਬੰਧਿਤ ਜਾਣਕਾਰੀ ਵੀ ਸ਼ਾਮਲ ਹੋਵੇਗੀ, ਜੋ ਉਸ ਅਧਿਕਾਰ ਖੇਤਰ ਦੇ ਸਥਾਨਕ ਪ੍ਰੋਬੇਟ ਕਾਨੂੰਨ ਤਹਿਤ ਮੁਆਵਜ਼ਾ ਪ੍ਰਾਪਤ ਕਰਨ ਦੇ ਯੋਗ ਹੋ ਸਕਦੇ ਹਨ, ਜਿੱਥੇ ਮ੍ਰਿਤਕ ਪੀੜਤ ਵਸਨੀਕ ਸੀ। ਅਜਿਹੇ ਮਾਮਲਿਆਂ ਵਿੱਚ ਜਿੱਥੇ ਪੀੜਤ ਦਾ ਵਿਆਹ ਨਹੀਂ ਹੋਇਆ ਸੀ, ਸੰਪਤੀ ਦੇ ਪ੍ਰਸ਼ਾਸਨ ਲਈ ਕਾਨੂੰਨੀ ਤੌਰ 'ਤੇ ਅਧਿਕਾਰਤ ਵਿਅਕਤੀਗਤ ਪ੍ਰਤੀਨਿਧੀ ਨੂੰ ਐਪਲੀਕੇਸ਼ਨ ਜਮ੍ਹਾਂ ਕਰਨੀ ਪਵੇਗੀ। ਜੇਕਰ ਮ੍ਰਿਤਕ ਨੇ ਕੋਈ ਵਸੀਅਤ ਨਹੀਂ ਛੱਡੀ ਹੈ, ਤਾਂ ਨਿੱਜੀ ਪ੍ਰਤੀਨਿਧੀ ਨੂੰ ਮਿਤ੍ਰਕ ਦੇ ਕਾਨੂੰਨੀ ਵਾਰਸਾਂ ਅਤੇ ਲਾਭਪਾਤਰੀਆਂ ਦੇ ਵਿਚਕਾਰ ਫੰਡ ਵੰਡਣ ਦੀ ਪ੍ਰਸਤਾਵਿਤ ਯੋਜਨਾ ਤਿਆਰ ਕਰਨੀ ਚਾਹੀਦੀ ਹੈ। ਅਜਿਹੀਆਂ ਹਾਲਾਤਾਂ ਵਿੱਚ, ਜਿੱਥੇ ਮਿਤ੍ਰਕ ਦੀ ਮੌਤ ਸਮੇਂ, ਉਸਦੀ ਮੰਗਣੀ ਹੋਈ ਸੀ, ਇੱਕ ਨਜਦੀਕੀ ਸਾਥੀ ਨਾਲ ਰਹਿ ਰਿਹਾ/ਰਹੀ ਸੀ, ਜਾਂ ਇੱਕ ਜੀਵਨ ਸਾਥੀ ਤੋਂ ਅਲੱਗ ਰਹਿੰਦਾ/ਦੀ ਸੀ, ਤਾਂ ਪ੍ਰਸ਼ਾਸਕ, ਆਪਣੀ ਮਰਜ਼ੀ ਨਾਲ, ਪ੍ਰਸਤਾਵਿਤ ਵੰਡ ਯੋਜਨਾ ਵਿੱਚ ਇੱਕ ਮੰਗੇਤਰ, ਨਜਦੀਕੀ ਸਾਥੀ ਜਾਂ ਮਿਤ੍ਰਕ ਦੇ ਬੱਚਿਆਂ ਨੂੰ ਸ਼ਾਮਲ ਕਰਨ ਦੀ ਮੰਗ ਕਰ ਸਕਦਾ ਹੈ। ਪ੍ਰਸਤਾਵਿਤ ਯੋਜਨਾ ਅਜਿਹੇ ਸਾਰੇ ਕਾਨੂੰਨੀ ਵਾਰਸਾਂ, ਲਾਭਪਾਤਰੀਆਂ, ਮੰਗੇਤਰ ਜਾਂ ਨਾਲ ਰਹਿਣ ਵਾਲੇ ਨਜ਼ਦੀਕੀ ਸਾਥੀ ਨੂੰ ਵੰਡੀ ਜਾਵੇਗੀ, ਜਿਨ੍ਹਾਂ ਵਿਚੋਂ ਹਰੇਕ ਨੂੰ ਪ੍ਰਸਤਾਵਿਤ ਵੰਡ ਲਈ ਸਹਿਮਤੀ ਦੇਣੀ ਹੋਵੇਗੀ। ਜੇਕਰ ਵਾਰਸਾਂ ਵਿਚਾਲੇ ਇਹ ਸਮਝੌਤਾ ਨਹੀਂ ਹੋ ਸਕਦਾ ਕਿ ਨਿੱਜੀ ਪ੍ਰਤੀਨਿਧੀ ਦੇ ਰੂਪ ਵਿੱਚ ਕੌਣ ਕੰਮ ਕਰੇਗਾ ਜਾਂ ਪ੍ਰਸਤਾਵਿਤ ਵੰਡ ਦੇ ਸੰਬੰਧ ਵਿੱਚ, ਬਿਨੈਕਾਰ ਨੂੰ ਇਹ ਨਿਰਧਾਰਤ ਕਰਨ ਲਈ ਅਧਿਕਾਰਤ ਖੇਤਰ ਵਾਲੇ ਪ੍ਰੋਬੇਟ ਕੋਰਟ ਤੋਂ ਕਾਨੂੰਨੀ ਅਧਿਕਾਰ ਪ੍ਰਾਪਤ ਕਰਨ ਦੀ ਜ਼ਰੂਰਤ ਹੋਵੇਗੀ ਕਿ ਐਪਲੀਕੇਸ਼ਨ ਦਾਇਰ ਕਰਨ ਲਈ ਕਾਨੂੰਨੀ ਤੌਰ 'ਤੇ ਜ਼ਿੰਮੇਵਾਰ ਵਿਅਕਤੀ ਕੌਣ ਹੈ। ਉਨ੍ਹਾਂ ਹਾਲਤਾਂ ਵਿੱਚ, ਫੰਡ ਪ੍ਰਸ਼ਾਸਕ, ਆਪਣੇ ਅਧਿਕਾਰ ਅਨੁਸਾਰ, ਇੱਕ ਸਮਝੌਤਾ ਹੋਣ ਤੱਕ ਫੰਡਾਂ ਨੂੰ ਰੋਕਣਗੇ, ਜਾਂ ਪ੍ਰਭਾਵਿਤ ਫੰਡਾਂ ਨੂੰ ਅਧਿਕਾਰ ਖੇਤਰ ਵਾਲੇ ਪ੍ਰੋਬੇਟ ਕੋਰਟ ਵਿੱਚ ਜਮ੍ਹਾਂ ਕਰਨਗੇ, ਇੱਕ ਵੱਖਰੇ ਖਾਤੇ ਵਿੱਚ ਆਯੋਜਿਤ ਕੀਤੇ ਜਾਣਗੇ, ਅਤੇ ਸਿਰਫ਼ ਮਤੇ ਅਨੁਸਾਰ ਇੱਕ ਵੈਧ ਕੋਰਟ ਦੇ ਆਦੇਸ਼ ਨਾਲ ਵੰਡਿਆ ਜਾਵੇਗਾ।

**ਕ.** ਨਾਬਾਲਗ ਬੱਚੇ ਲਈ ਐਪਲੀਕੇਸ਼ਨਾਂ ਵਾਸਤੇ, ਐਪਲੀਕੇਸ਼ਨ ਮਾਤਾ-ਪਿਤਾ ਜਾਂ ਕਾਨੂੰਨੀ ਸਰਪ੍ਰਸਤ ਦੁਆਰਾ ਜਮ੍ਹਾ ਕਰਵਾਉਣੀ ਅਤੇ ਦਸਤਖਤ ਕੀਤੀ ਜਾਣੀ ਜ਼ਰੂਰੀ ਹਨ)। ਅਯੋਗ ਬਾਲਗਾਂ ਲਈ ਐਪਲੀਕੇਸ਼ਨਾਂ ਵਾਸਤੇ, ਐਪਲੀਕੇਸ਼ਨ ਨੂੰ ਪ੍ਰਤੀਨਿਧਤਾ ਸੰਬੰਧੀ ਸਮਰੱਥਾ ਦੇ ਸਬੂਤ ਦੀ ਜ਼ਰੂਰਤ ਹੋਵੇਗੀ, ਜਿਵੇਂ ਕਿ ਪਾਵਰ-ਆਫ਼-ਅਟਾਰਨੀ, ਸਰਪ੍ਰਸਤਤਾ, ਅਤੇ ਸਰਪ੍ਰਸਤ ਜਾਂ ਅਟਾਰਨੀ ਐਡ *ਲਾਈਟਮ* ਦੀ ਨਿਯੁਕਤੀ।

**ਖ.** ਇੱਕ ਸਰੀਰਕ ਸੱਟ ਦੇ ਬਿਨੈਕਾਰ ਲਈ ਦਾਇਰ ਕੀਤੀ ਐਪਲੀਕੇਸ਼ਨ ਵਿੱਚ ਡਾਕਟਰੀ ਜਾਣਕਾਰੀ ਜਾਰੀ ਕਰਨ ਲਈ ਇੱਕ ਅਧਿਕਾਰ ਸ਼ਾਮਲ ਹੋਣਾ ਲਾਜ਼ਮੀ ਹੈ: (i) ਹਸਪਤਾਲ ਵਿੱਚ ਦਾਖ਼ਲ ਹੋਣ ਦੀ ਮਿਤੀ, (ii) ਹਸਪਤਾਲ ਤੋਂ ਡਿਸਚਾਰਜ ਹੋਣ (ਛੁੱਟੀ ਮਿਲਣ) ਦੀ ਮਿਤੀ, ਅਤੇ (iii) ਸੱਟ ਦੀ ਕਿਸਮ ਅਤੇ ਇਲਾਜ ਪੇਸ਼ੇਵਰ ਦੇ ਸਮਕਾਲੀ ਸਬੂਤ ਕਿ ਸੱਟ ਇੰਡੀਆਨਾਪੋਲਿਸ ਹਮਲੇ ਦੇ ਨਤੀਜੇ ਵਜੋਂ ਹੋਈ ਸੀ।

**ਗ.** ਮੋਨੋਵਿਗਿਆਨਕ ਸਦਮੇ ਲਈ ਦਾਇਰ ਕੀਤੀ ਐਪਲੀਕੇਸ਼ਨ ਵਿੱਚ ਬਿਨੈਕਾਰ ਦੀ ਮੌਜੂਦਗੀ ਦੀ ਪੁਸ਼ਟੀ ਰੁਜ਼ਗਾਰ ਰਿਕਾਰਡਾਂ ਜਾਂ ਕਾਨੂੰਨ ਲਾਗੂ ਕਰਨ ਵਾਸੇ ਰਿਕਾਰਡਾਂ ਦੁਆਰਾ ਦਰਸਾਈ ਜਾਣੀ ਚਾਹੀਦੀ ਹੈ। ਇਸ ਜਾਣਕਾਰੀ ਨੂੰ ਪ੍ਰਮਾਣਿਤ ਕਰਨ ਲਈ ਬਿਨੈਕਾਰ ਦੀ ਬਜਾਏ ਫੰਡ ਪ੍ਰਸ਼ਾਸਕ ਜ਼ਿੰਮੇਵਾਰ ਹੋਣਗੇ। ਬਿਨੈਕਾਰਾਂ ਨੂੰ ਆਪਣੇ ਲੱਛਣਾਂ ਅਤੇ ਮੰਗੇ ਗਏ ਇਲਾਜ ਦੇ ਨਾਲ-ਨਾਲ ਡਾਕਟਰੀ ਰਿਕਾਰਡ ਜਾਰੀ ਕਰਨ ਲਈ ਇੱਕ ਅਧਿਕਾਰ ਨੂੰ ਪ੍ਰਮਾਣਿਤ ਕਰਨ ਵਾਲਾ ਇੱਕ ਹਲਫੀਆ ਬਿਆਨ ਵੀ ਦੇਣਾ ਪਵੇਗਾ।

**ਘ.** ਰਾਸ਼ਟਰੀ ਰਹਿਮ ਫੰਡ, ਇਸਦੇ ਪ੍ਰਸ਼ਾਸਕ ਅਤੇ ਸਟੀਅਰਿੰਗ ਕਮੇਟੀ ਬਿਨੈਕਾਰਾਂ ਦੁਆਰਾ ਜਮ੍ਹਾਂ ਕੀਤੀ ਗਈ ਸਾਰੀ ਜਾਣਕਾਰੀ ਦੀ ਗੁਪਤਤਾ ਬਣਾਈ ਰੱਖਣ ਲਈ ਉਚਿਤ ਯਤਨਾਂ ਕਰਨਗੇ, ਪਰ ਗੁਪਤਤਾ ਦੀ ਗਰੰਟੀ ਨਹੀਂ ਦੇ ਸਕਦੇ ਹਨ। ਬਿਨੈਕਾਰਾਂ ਨੂੰ ਇਸ ਪ੍ਰੋਟੋਕਾਲ ਦੇ ਅਧੀਨ ਜਮ੍ਹਾਂ ਕੀਤੀ ਗਈ ਕੋਈ ਜਾਣਕਾਰੀ ਜਨਤਕ ਤੌਰ 'ਤੇ ਉਪਲਬਧ ਹੋਣ 'ਤੇ ਕਿਸੇ ਨਿੱਜੀ ਵਿਅੰਗ ਬਾਰੇ ਵਿਚਾਰ ਕਰਨ ਲਈ ਕਿਹਾ ਜਾਂਦਾ ਹੈ।

ਙ. ਫੰਡ ਉਨ੍ਹਾਂ ਲੋਕਾਂ ਨੂੰ ਟੈਕਸ ਦੀ ਸਲਾਹ ਨਹੀਂ ਦੇ ਸਕਦਾ, ਜੋ ਫੰਡ ਤੋਂ ਭੁਗਤਾਨ ਪ੍ਰਾਪਤ ਕਰਦੇ ਹਨ। ਫੰਡ ਪ੍ਰਸ਼ਾਸਕ ਤੁਹਾਨੂੰ ਇਨ੍ਹਾਂ ਭੁਗਤਾਨਾਂ ਲਈ ਟੈਕਸ ਦੇਣਦਾਰੀ ਸੰਬੰਧੀ ਕਿਸੇ ਵੀ ਸਵਾਲ ਲਈ ਆਪਣੇ ਟੈਕਸ ਸਲਾਹਕਾਰ ਨਾਲ ਸਲਾਹ-ਮਸ਼ਵਰਾ ਕਰਨ ਦੀ ਸਿਫ਼ਾਰਿਸ਼ ਕਰਦੇ ਹਨ।

**ਚ.** ਇੰਡੀਆਨਾਪੋਲਿਸ 4/15 ਸਰਵਾਈਵਰਜ਼ ਫੰਡ ਦੀ ਪੂਰੀ ਜਾਂਚ ਇੱਕ ਸੁਤੰਤਰ ਔਡੀਟਿੰਗ ਫਰਮ ਦੁਆਰਾ ਸਹਿਮਤ ਪ੍ਰਕਿਰਿਆਵਾਂ ਅਨੁਸਾਰ ਕੀਤੀ ਜਾਵੇਗੀ, ਜਦੋਂ ਸਾਰੀਆਂ ਵੰਡਾਂ ਪੂਰੀਆਂ ਹੋਣਗੀਆਂ। ਇਹਨਾਂ ਸਹਿਮਤ ਪ੍ਰਕਿਰਿਆਵਾਂ ਦੇ ਨਤੀਜੇ ਫੰਡ ਪ੍ਰਸ਼ਾਸਕਾਂ ਦੀ ਅੰਤਿਮ ਰਿਪੋਰਟ ਦੇ ਨਾਲ, ਸਾਰੇ ਬਿਨੈਕਾਰਾਂ, ਦਾਨੀਆਂ ਅਤੇ ਆਮ ਜਨਤਾ ਲਈ ਉਪਲਬਧ ਕਰਵਾਏ ਜਾਣਗੇ।

**ਆਊਟਰੀਚ (ਪਹੁੰਚ)**

A. *ਰਾਸ਼ਟਰੀ ਰਹਿਮ ਫੰਡ* ਇੰਡੀਆਨਾਪੋਲਿਸ ਹਮਲੇ ਦੇ ਪੀੜਤਾਂ ਲਈ ਟੈਲੀਫ਼ੋਨ, ਪੱਤਰ, ਵਿਅਕਤੀਗਤ ਰੂਪ ਵਿੱਚ, ਅਤੇ ਇਲੈਕਟ੍ਰਾਨਿਕ ਸੰਚਾਰ ਦੇ ਹੋਰ ਰੂਪਾਂ ਦੁਆਰਾ ਉਨ੍ਹਾਂ ਨੂੰ ਐਪਲੀਕੇਸ਼ਨ ਦਾਇਰ ਦੀ ਪ੍ਰਕਿਰਿਆ ਬਾਰੇ ਜਾਣਕਾਰੀ ਪ੍ਰਦਾਨ ਕਰਨ, ਐਪਲੀਕੇਸ਼ਨਾਂ ਦਾਇਰ ਕਰਨ ਨਾਲ ਜੁੜੇ ਸਵਾਲਾਂ ਦੇ ਜਵਾਬ, ਐਪਲੀਕੇਸ਼ਨਾਂ 'ਤੇ ਕਮੀਆਂ ਨੂੰ ਦੂਰ ਕਰਨ ਵਿੱਚ ਪੀੜਤਾਂ ਦੀ ਮਦਦ ਕਰਨ ਅਤੇ ਇਹ ਯਕੀਨੀ ਬਣਾਉਣ ਲਈ ਕੰਮ ਕਰਨ ਲਈ ਕਿ ਸਾਰੇ ਯੋਗ ਵਿਅਕਤੀ ਜੋ ਐਪਲੀਕੇਸ਼ਨ ਜਮ੍ਹਾਂ ਕਰਨਾ ਚਾਹੁੰਦੇ ਹਨ, ਉਹ ਅੰਤਿਮ ਮਿਤੀ ਨੂੰ ਦਾਖ਼ਲ ਕਰਦੇ ਹੋਏ, 28 ਸਤੰਬਰ ਤੋਂ ਪਹਿਲਾਂ ਅਜਿਹਾ ਕਰਨ ਦੇ ਯੋਗ ਹੋਣਗੇ ਲਈ ਪਹੁੰਚ ਕਰ ਸਕਦਾ ਹੈ। ਪਰ *ਰਾਸ਼ਟਰੀ ਰਹਿਮ ਫੰਡ* ਇਸ ਗੱਲ ਦੀ ਗਰੰਟੀ ਨਹੀਂ ਦਿੰਦਾ ਕਿ ਯੋਗ ਹੋ ਸਕਣ ਵਾਲੇ ਸਾਰੇ ਲੋਕਾਂ ਨਾਲ ਸੰਪਰਕ ਕੀਤਾ ਜਾਵੇਗਾ ਅਤੇ ਨਾ ਹੀ ਇਸ ਗੱਲ ਦੀ ਗਰੰਟੀ ਦਿੰਦਾ ਹੈ ਕਿ *ਰਾਸ਼ਟਰੀ ਰਹਿਮ ਫੰਡ* ਨਾਲ ਸੰਪਰਕ ਵਿੱਚ ਹੋਣ ਵਾਲੇ ਸਾਰੇ ਯੋਗ ਵਿਅਕਤੀ ਪ੍ਰੋਟੋਕਾਲ ਵਿੱਚ ਸ਼ਾਮਲ ਕੀਤੇ ਗਏ ਹਨ। ਇਹ ਯਕੀਨੀ ਬਣਾਉਣ ਲਈ ਕਿ ਐਪਲਕੇਸ਼ਨ ਸਮੇਂ ਸਿਰ ਦਾਇਰ ਕੀਤੀ ਗਈ ਹੈ ਅਤੇ ਪ੍ਰਾਪਤ ਕੀਤੀ ਗਈ ਹੈ, ਇਸ ਲਈ ਐਪਲੀਕੇਸ਼ਨ ਦਾਇਰ ਕਰਨ ਵਾਸਤੇ ਯੋਗ ਵਿਅਕਤੀ ਦੀ ਜ਼ਿੰਮੇਵਾਰੀ ਬਣਦੀ ਹੈ। ਅਜਿਹੀ ਸੰਪਰਕ ਜਾਣਕਾਰੀ, ਜੋ ਕਾਨੂੰਨ ਲਾਗੂ ਕਰਨ ਵਾਲੇ ਜਾਂ ਸਿਹਤ ਸੰਭਾਲ ਪੇਸ਼ੇਵਰਾਂ ਦੁਆਰਾ ਰੱਖੀ ਜਾਂਦੀ ਹੈ, ਉਸਨੂੰ *ਕਦੇ ਵੀ* ਐੱਨ.ਸੀ.ਐੱਫ. (NCF) ਨਾਲ ਸਾਂਝਾ ਨਹੀਂ ਕੀਤਾ ਜਾਂਦਾ, ਅਤੇ ਇਸ ਗੱਲ ਦੀ ਕੋਈ ਧਾਰਨਾ ਨਹੀਂ ਹੋਣੀ ਚਾਹੀਦੀ ਹੈ ਕਿ ਜੋ ਵੀ ਵਿਅਕਤੀ ਯੋਗਤਾ ਪੂਰੀ ਕਰਦਾ ਹੈ, ਉਸ ਨਾਲ ਸਿਰਫ਼ ਇਸ ਲਈ ਸੰਪਰਕ ਕੀਤਾ ਜਾਵੇਗਾ ਕਿਉਂਕਿ ਉਨ੍ਹਾਂ ਨੇ ਆਪਣੀ ਸੰਪਰਕ ਜਾਣਕਾਰੀ ਕਾਨੂੰਨ ਲਾਗੂ ਕਰਨ ਵਾਲੇ ਜਾਂ ਇੰਡੀਆਨਾ ਪੀੜਤ ਅਪਰਾਧ ਮੁਆਵਜ਼ਾ ਪ੍ਰੋਗਰਾਮ ਨਾਲ ਇਸ ਨੂੰ ਔਨਲਾਈਨ ਸੰਪਰਕ ਫਾਰਮ ਦੁਆਰਾ ਰਾਸ਼ਟਰੀ ਰਹਿਮ ਫੰਡ ਨਾਲ ਸਾਂਝਾ ਕੀਤੇ ਬਿਨਾਂ, ਸਾਂਝੀ ਕੀਤੀ ਹੈ।

B. ਇੱਕ ਵਾਰ ਅੰਤਿਮ ਰੂਪ ਹੋਣ ਤੋਂ ਬਾਅਦ, ਅੰਤਿਮ ਪ੍ਰੋਟੋਕਾਲ ਅਤੇ ਐਪਲੀਕੇਸ਼ਨ ਦੀ ਜਾਣਕਾਰੀ ਉਨ੍ਹਾਂ ਸਾਰੇ ਗਿਆਤ ਪੀੜਤਾਂ ਨੂੰ ਭੇਜੀ ਜਾਵੇਗੀ, ਜਿਨ੍ਹਾਂ ਨੇ ਔਨਲਾਈਨ ਸੰਪਰਕ ਫਾਰਮ ਦੇ ਮਾਧਿਅਮ ਰਾਹੀਂ ਰਾਸ਼ਟਰੀ ਰਹਿਮ ਫੰਡ ਵਿੱਚ ਰਜਿਸਟਰ ਕਰਵਾਇਆ ਹੈ ਅਤੇ NationalCompassionFund.org 'ਤੇ ਉਪਲਬਧ ਕਰਵਾਇਆ ਹੈ। ਫੰਡ ਪ੍ਰਸ਼ਾਸਕ ਬੇਨਤੀ ਕੀਤੇ ਗਏ ਅਨੁਸਾਰ ਸਿੱਧੇ ਹੀ ਬਿਨੈਕਾਰਾਂ ਦੇ ਨਾਲ ਕੰਮ ਕਰਨਗੇ, ਤਾਂ ਜੋ ਐਪਲੀਕੇਸ਼ਨਾਂ 28 ਦੀ ਅੰਤਿਮ ਮਿਤੀ ਤੱਕ ਜਮ੍ਹਾਂ ਕੀਤੀਆਂ ਜਾ ਸਕਣ।

C. ਬਿਨੈਕਾਰ ਦੀ ਬੇਨਤੀ 'ਤੇ ਫੰਡ ਪ੍ਰਸ਼ਾਸਕ ਦੇ ਨਾਲ ਵਿਕਲਪਿਕ ਤੌਰ 'ਤੇ ਆਹਮਣੇ-ਸਾਹਮਣੇ ਜਾਂ ਟੈਲੀਫ਼ੋਨ ਮੀਟਿੰਗਾਂ ਤੈਅ ਕੀਤੀਆਂ ਜਾ ਸਕਦੀਆਂ ਹਨ। ਸਾਰੀਆਂ ਐਪਲੀਕੇਸ਼ਨਾਂ 'ਤੇ 30 ਅਗਸਤ ਤੋਂ 28 ਅਕਤੂਬਰ, 2021 ਦੀ ਮਿਆਦ ਦੌਰਾਨ ਕਾਰਵਾਈ ਕੀਤੀ ਜਾਵੇਗੀ।

ਐਪਲੀਕੇਸ਼ਨ ਦੀ ਪ੍ਰਕਿਰਿਆ ਤੋਂ ਪਹਿਲਾਂ ਫੰਡ ਪ੍ਰਸ਼ਾਸਕਾਂ ਨਾਲ ਮੀਟਿੰਗਾਂ ਦੀ ਬੇਨਤੀ ਕਰਨ ਵਾਲੇ ਸਾਰੇ ਬਿਨੈਕਾਰਾਂ ਨੂੰ 30 ਅਗਸਤ ਤੋਂ 28 ਸਤੰਬਰ, 2021 ਦੀ ਮਿਆਦ ਦੌਰਾਨ ਅਜਿਹੀ ਮੀਟਿੰਗ ਕੀਤੀ ਜਾਵੇਗੀ। ਮੀਟਿੰਗਾਂ ਪਰਸਪਰ ਰੂਪ ਵਿੱਚ ਸੁਵਿਧਾਜਨਕ ਸਮੇਂ ਅਤੇ ਸਥਾਨਾਂ 'ਤੇ ਤੈਅ ਕੀਤੀਆਂ ਜਾਣਗੀਆਂ। ਮੀਟਿੰਗ ਦੀ ਬੇਨਤੀ ਲਈ, ਕਿਰਪਾ ਕਰਕੇ ਆਪਣੀ ਬੇਨਤੀ ਨੂੰ ਈਮੇਲ Indy@*NationalCompassionFund.org* ਦੁਆਰਾ ਭੇਜੋ।

## ਪ੍ਰਸਥਾਪਿਤ ਇੰਡੀਆਨਾਪੋਲਿਸ ਟਾਈਮਲਾਈਨ

➢ 15 ਅਪ੍ਰੈਲ, 2021 – ਇੰਡੀਆਨਾਪੋਲਿਸ ਹਮਲਾ ਹੁੰਦਾ ਹੈ
➢ 19 ਅਪ੍ਰੈਲ, 2021 - ਸੰਪਰਕ ਫਾਰਮ ਜਾਰੀ ਹੁੰਦਾ ਹੈ
➢ 9 ਜੂਨ, 2021 – ਸਟੀਅਰਿੰਗ ਕਮੇਟੀ ਮੈਂਬਰਸ਼ਿਪ ਦੀ ਘੋਸ਼ਣਾ
➢ 16 ਜੂਨ, 2021 – ਸਟੀਅਰਿੰਗ ਕਮੇਟੀ ਦੀ ਪਹਿਲੀ ਮੀਟਿੰਗ, ਡ੍ਰਾਫ਼ਟ ਪ੍ਰੋਟੋਕਾਲ ਦੀ ਮਨਜ਼ੂਰੀ, ਅਨੁਵਾਦ ਲਈ ਭੇਜਿਆ
➢ 21 ਜੂਨ, 2021 – ਅਨੁਵਾਦ ਤੋਂ ਵਾਪਸ ਡ੍ਰਾਫ਼ਟ ਪ੍ਰੋਟੋਕਾਲ ਪ੍ਰਾਪਤ ਕੀਤਾ
➢ 8 ਜੁਲਾਈ, 2021 – ਡ੍ਰਾਫ਼ਟ ਪ੍ਰੋਟੋਕਾਲ ਪ੍ਰਕਾਸ਼ਿਤ ਹੋਣ ਦਾ ਸਮਾਂ, ਜਨਤਕ ਟਿੱਪਣੀ ਦੀ ਮਿਆਦ ਸ਼ੁਰੂ ਹੁੰਦੀ ਹੈ:
➢ 13 ਅਗਸਤ, 2021 – ਜਨਤਕ ਟਿੱਪਣੀ ਦੀ ਮਿਆਦ ਖ਼ਤਮ ਹੁੰਦੀ ਹੈ
➢ 16 ਅਗਸਤ, 2021 – ਅੰਤਿਮ ਪ੍ਰੋਟੋਕਾਲ ਨੂੰ ਮਨਜ਼ੂਰੀ ਦੇਣ ਲਈ ਸਟੀਅਰਿੰਗ ਕਮੇਟੀ ਦੀ ਬੈਠਕ।
➢ 19 ਅਗਸਤ, 2021 – ਅਨੁਵਾਦਕ ਤੋਂ ਵਾਪਸ ਡ੍ਰਾਫ਼ਟ ਪ੍ਰੋਟੋਕਾਲ ਪ੍ਰਾਪਤ ਕੀਤਾ
➢ 26 28 ਅਗਸਤ, 2021 – ਅੰਤਿਮ ਪ੍ਰੋਟੋਕਾਲ ਪ੍ਰਕਾਸ਼ਿਤ ਕੀਤਾ। ਇਹ ਦਸਤਾਵੇਜ਼ ਫੰਡ ਵੈੱਬਸਾਈਟ 'ਤੇ ਪਰਿਵਾਰਾਂ ਅਤੇ ਸਾਰੀਆਂ ਦਿਲਚਸਪ ਧਿਰਾਂ ਲਈ ਉਪਲਬਧ ਕਰਵਾਏ ਜਾਣਗੇ।
➢ 30 ਅਗਸਤ, 2021 – ਐਪਲੀਕੇਸ਼ਨ ਪੋਰਟਲ ਖੁੱਲ੍ਹਦਾ ਹੈ। ਐਪਲੀਕੇਸ਼ਨ ਸੰਬੰਧੀ ਦਿਸ਼ਾ-ਨਿਰਦੇਸ਼ ਉਹਨਾਂ ਸਾਰੇ ਗਿਆਤ ਬਿਨੈਕਾਰਾਂ ਅਤੇ ਸੰਭਾਵੀ ਬਿਨੈਕਾਰਾਂ ਨੂੰ ਪ੍ਰਸਾਰਿਤ ਕੀਤੇ ਜਾਣਗੇ, ਜਿਹੜੇ ਫੰਡ ਵੈੱਬਸਾਈਟ ਦੁਆਰਾ ਰਜਿਸਟਰ ਹੋਏ ਹਨ।
➢ 30 ਅਗਸਤ – ਸਤੰਬਰ 28, 2021 – ਲੋੜੀਂਦੇ ਦਸਤਾਵੇਜ਼ਾਂ ਨਾਲ ਐਪਲੀਕੇਸ਼ਨਾਂ ਪੂਰੀਆਂ ਕੀਤੀਆਂ ਅਤੇ ਫੰਡ ਪ੍ਰਸ਼ਾਸਕਾਂ ਕੋਲ ਜਮ੍ਹਾਂ ਕੀਤੀ ਜਾਂਦੀਆਂ ਹਨ।
➢ 28 ਸਤੰਬਰ, 2021 – ਲਾਭਾਂ ਲਈ ਐਪਲੀਕੇਸ਼ਨ ਜਮ੍ਹਾ ਕਰਨ ਦੀ ਆਖਰੀ ਮਿਤੀ।
➢ 25 ਅਗਸਤ, 2021 – ਫੰਡ ਦਾਨਾਂ ਬੰਦ ਹੁੰਦਾ ਹੈ।
➢ 30 ਅਗਸਤ – 28 ਸਤੰਬਰ, 2021 – ਫੰਡ ਪ੍ਰਸ਼ਾਸਕਾਂ ਨਾਲ ਬੇਨਤੀ ਕੀਤੀ ਗਈਆਂ ਸਾਰੀਆਂ ਨਿੱਜੀ ਮੁਲਾਕਾਤਾਂ ਪੂਰੀਆਂ ਹੋ ਗਈਆਂ।
➢ 30 ਅਗਸਤ – ਅਕਤੂਬਰ 28, 2021: ਫੰਡ ਪ੍ਰਸ਼ਾਸਕਾਂ ਦੁਆਰਾ ਸਮੀਖਿਆ ਕੀਤੀਆਂ ਗਈਆਂ ਸਾਰੀਆਂ ਐਪਲੀਕੇਸ਼ਨਾਂ ਅਤੇ ਯੋਗ ਬਿਨੈਕਾਰਾਂ ਨੂੰ ਭੁਗਤਾਨਾਂ ਲਈ ਸਿਫ਼ਾਰਸ਼ਾਂ ਸੁਤੰਤਰ ਸਮੀਖਿਆ ਅਤੇ ਮਨਜ਼ੂਰੀ ਲਈ ਸਟੀਰਿੰਗ ਕਮੇਟੀ ਕੋਲ ਜਮ੍ਹਾਂ ਕੀਤੀਆਂ ਗਈਆਂ ਹਨ।
➢ 10 ਨਵੰਬਰ, 2021 ਵੰਡ ਯੋਜਨਾ ਦੀ ਮਨਜ਼ੂਰੀ
➢ 15 ਨਵੰਬਰ, 2021: ਮਨਜ਼ੂਰ ਕੀਤੇ ਯੋਗ ਲਾਭਪਾਤਰੀਆਂ ਨੂੰ ਭੁਗਤਾਨ ਦੀ ਵੰਡ ਰੋਲਿੰਗ ਦੇ ਅਧਾਰ 'ਤੇ ਸ਼ੁਰੂ ਹੁੰਦੀ ਹੈ।
➢ ਮਹੀਨੇ ਦੇ ਅੰਤ ਦੇ ਤਿੰਨ ਹਫ਼ਤੇ ਬਾਅਦ, ਜਿਸ ਵਿੱਚ ਸਾਰੀਆਂ ਭੁਗਤਾਨ ਵੰਡਾਂ ਪੂਰੀਆਂ ਹੋ ਗਈਆਂ ਹਨ: ਲੇਖਾ ਪਰੀਖਿਅਕ ਦੁਆਰਾ AUP ਸ਼ੁਰੂ ਹੁੰਦਾ ਹੈ।